ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




01 November 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ 'ਚ ਮੇਗਨ ਮਾਰਕੇਲ ਨੇ ਲੜਕੀਆਂ ਅਤੇ ਔਰਤਾਂ ਦੇ ਹੱਕ 'ਚ ਦਿੱਤਾ ਪ੍ਰਭਾਵਸ਼ਾਲੀ ਭਾਸ਼ਣ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ 'ਚ ਮੇਗਨ ਮਾਰਕੇਲ ਨੇ ਲੜਕੀਆਂ ਅਤੇ ਔਰਤਾਂ ਲਈ ਸਿੱਖਿਆ ਦੇ ਅਧਿਕਾਰ ਬਾਰੇ ਸ਼ਕਤੀਸ਼ਾਲੀ ਭਾਸ਼ਣ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਨਿਊਜ਼ੀਲੈਂਡ ਵਿੱਚ ਰਾਤ ਨੂੰ ਮੇਗਨ ਦੇ ਭਾਸ਼ਣ ਨੇ ਔਰਤਾਂ ਅਤੇ ਕੁੜੀਆਂ ਲਈ ਸਿੱਖਿਆ ਦੇ ਅਧਿਕਾਰ ਬਾਰੇ ਪ੍ਰਭਾਵਸ਼ਾਲੀ ਸੰਦੇਸ਼ ਦਿੱਤੇ.ਨਿਊਜ਼ੀਲੈਂਡ ਦੀ 125 ਵੀਂ ਵਰ੍ਹੇਗੰਢ ਦੇ ਸੰਬੋਧਨ ਵੇਲੇ ਆਪਣੇ ਦੋ-ਮਿੰਟ ਦੇ ਸੰਬੋਧਨ ਵਿਚ, ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਲਈ ਦੁਨੀਆਂ ਦਾ ਪਹਿਲਾ ਦੇਸ਼ ਬਣਨ ਕਰਕੇ ਬਹਾਦਰ ਦੇਸ਼ ਦਾ ਦਰਜਾ ਦਿੱਤਾ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਜੈਕਿੰਦਾ ਆਡਨ ਅਤੇ ਗਵਰਨਰ-ਜਨਰਲ ਡੇਮ ਪਾਤੀ ਰੈੱਡੀ ਸ਼ਾਮਲ ਸਨ। ਵੈਲਿੰਗਟਨ ਵਿੱਚ ਭਾਸ਼ਣ ਦੋ ਮਿੰਟ ਵਿੱਚ ਖ਼ਤਮ ਹੋ ਗਿਆ ਸੀ ਪਰ ਇਸ ਦਾ ਅਸਰ ਬਹੁਤ ਲੰਬੇ ਸਮੇਂ ਤੱਕ ਰਹੇਗਾ।

# ਪ੍ਰਿਥੀਪਾਲ ਸਿੰਘ ਬਸਰਾ ਅੰਬੈਸਡਰ ਆਫ ਪੀਸ ਐਵਾਰਡ ਨਾਲ ਸਨਮਾਨਿਤ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਬੀਤੇਦਿਨੀਂ ਹੋਈ ਇੱਕ ਜਨਤਕ ਮਿਲਣੀ ਵਿਚ ਭਾਈਚਾਰੇ ਦੀ ਸਿਰਕੱਢ ਸ਼ਖਸੀਅਤ ਪ੍ਰਿਥੀਪਾਲ ਸਿੰਘ ਬਸਰਾ ਨੂੰ ਭਾਰਤੀ ਕਮਿਊਨਿਟੀ ਪ੍ਰਤੀ ਆਪਣੀਆਂ ਬੇਮਿਸਾਲ ਸੇਵਾਵਾਂ ਅਤੇ ਸ਼ਾਂਤੀ ਸਦਭਾਵਨਾ ਨੂੰ ਮਜ਼ਬੂਤ ਕਰਨ ਬਦਲੇ ਅੰਬਡੈਸਰਡ ਆਫ ਪੀਸ ਐਵਾਰਡ ਦਿੱਤਾ ਗਿਆ। ਇਹ ਐਵਾਰਡ ਯੂਨੀਵਰਸਿਟੀ ਪੀਸ ਆਫ ਫੈਡਰੇਸ਼ਨ ਵੱਲੋਂ ਦਿੱਤਾ ਗਿਆ ਹੈ। ਇਹ ਸੰਸਥਾ ਦੁਨੀਆ ਭਰ ਵਿਚ ਪਰਿਵਾਰਕ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਨ ਦਾ ਕੰਮ ਕਰਦੀ ਹੈ।

## ਨਿਊਜ਼ੀਲੈਂਡ ਵਿਚ ਪੈਨਸ਼ਨ ਲੈਣੀ ਹੋਵੇਗੀ ਔਖੀ, ਸ਼ਰਤਾਂ ਹੋਣ ਲੱਗੀਆਂ ਸਖਤ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਸਰਕਾਰ ਇਸ ਗੱਲ ਉੱਤੇ ਤਵੱਜੋ ਦੇ ਰਹੀ ਹੈ ਕਿ ਇੱਥੇ ਸਰਕਾਰੀ ਪੈਨਸ਼ਨ ਲੈਣ ਵਾਲੇ ਲੋਕ ਘੱਟੋ-ਘੱਟ ਦੇਸ਼ ਦੇ ਅੰਦਰ 10 ਨਹੀਂ ਸਗੋਂ ਵੀਹ ਸਾਲ ਤੱਕ ਜ਼ਰੂਰ ਰਹਿਣ। ਇਸ ਵੇਲੇ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਵਿੱਚ ਇਹ ਸਮਾ ਘੱਟੋ-ਘੱਟ 10 ਸਾਲ ਹੈ। ਜੇਕਰ ਇਹੀ ਸਮਾਂ ਉਹ ਈ ਸੀ ਡੀ ਦੇਸ਼ ਦੀ ਸੰਸਥਾ ਔਸਤਨ ਵੇਖਿਆ ਜਾਵੇ ਤਾਂ ਛੱਬੀ ਸਾਲ ਬਣਦਾ ਹੈ। ਜੋ ਕਿ ਸਫਾਈ ਦੇਣ ਲਈ ਵਰਤਿਆ ਜਾ ਸਕੇਗਾ। ਨਿਊਜ਼ੀਲੈਂਡ ਫਸਟ ਪਾਰਟੀ ਦੇ ਐੱਮਪੀ ਮਾਰਕ ਪੈਟਰਸਨ ਨੇ ਇਹ ਬਿੱਲ ਤਿਆਰ ਕੀਤਾ ਹੈ ਜਿਸ ਉੱਤੇ ਅਜੇ ਸਹਿਮਤੀ ਹੋਣੀ ਬਾਕੀ ਹੈ। ਇਹ ਰਿਹਾਇਸ਼ੀ ਸਮਾ 20 ਸਾਲ ਵੀ ਉਹ ਹੋਣਗੇ ਜੋ ਵਿਅਕਤੀ ਦੀ 20 ਸਾਲ ਦੀ ਉਮਰ ਤੋਂ ਬਾਅਦ ਦੇ ਹੋਣਗੇ, ਭਾਵ ਕਿ ਇੱਥੇ ਜੰਮੇ ਬੱਚੇ ਨੂੰ ਪਹਿਲੇ 20 ਸਾਲ ਇੱਥੇ ਬਿਤਾਏ ਪੈਨਸ਼ਨ ਹੱਕ ਲਈ ਸਹਾਇਤਾ ਨਹੀਂ ਕਰਨਗੇ। ਮਤਲਬ ਏਹ ਕੁੱਲ 40 ਸਾਲ ਹੋ ਜਾਣਗੇ ਜੇਕਰ ਤੁਸੀਂ ਪੈਨਸ਼ਨ ਲੈਣੀ ਹੈ । ਇਸ ਸਕੀਮ ਤਹਿਤ ਸਰਕਾਰ ਬਿਲੀਅਨ ਡਾਲਰ ਬਚਾਉਣ ਦੇ ਚੱਕਰ ਵਿੱਚ ਹੈ ਅਜਿਹੇ ਨਿਯਮਾਂ ਦਾ ਪ੍ਰਵਾਸੀ ਲੋਕਾਂ ਤੇ ਚੰਗਾ-ਮੰਦਾ ਅਸਰ ਲਗਾਤਾਰ ਪੈਂਦਾ ਰਹਿੰਦਾ ਹੈ।

# ਬੰਦੀ ਛੋੜ ਦਿਵਸ ਨੂੰ ਲੈ ਕੇ ਨਿਊਜ਼ੀਲੈਂਡ ਦੀ ਸੰਗਤ 'ਚ ਭਾਰੀ ਉਤਸ਼ਾਹ- ਆਤਿਸ਼ਬਾਜੀ ਦਾ ਨਜਾਰਾ ਵੇਖਣਯੋਗ ਹੋਵੇਗਾ

ਆਕਲੈਂਡ - ( ਐਨ ਜ਼ੈੱਡ ਤਸਵੀਰ ਬਿਊਰੋ) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਬੰਦੀਛੋੜ ਦਿਵਸ ਐਤਕੀਂ ਵੀ ਨਿਊਜ਼ੀਲੈਂਡ 'ਚ ਹਰ ਸਾਲ ਦੀ ਤਰ੍ਹਾਂ ਪੂਰੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦੀਆ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਦੇ ਪ੍ਰਬੰਧਕਾ ਨੇ ਦੱਸਿਆ ਕਿ 7 ਨਵੰਬਰ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਕੀਰਤਨ ਵੀ ਹੋਵੇਗਾ। ਦੀਵਾਲੀ ਮੌਕੇ ਆਤਿਸ਼ਬਾਜੀ ਨੂੰ ਵੇਖਣ ਲਈ ਦੇਸ਼ ਭਰ ਚੋਂ ਸੰਗਤਾਂ ਪੁੱਜਦੀਆਂ ਹਨ। ਸ੍ਰੀ ਹਰਮੰਦਰ ਸਾਹਿਬ ਦੀ ਦੀਵਾਲੀ ਵਾਂਗ ਇੱਥੋਂ ਦੀ ਆਤਿਸ਼ਾਬਾਜ਼ੀ ਵੀ ਭਾਰਤੀ ਭਾਈਚਾਰੇ 'ਚ ਕਾਫੀ ਮਕਬੂਲ ਹੈ।
ਸਿੱਖ ਸੁਸਾਇਟੀ ਦੇ ਅਨੁਸਾਰ ਨਿਊਜ਼ੀਲੈਂਡ ਦੀਆਂ ਸੰਗਤਾਂ ਦਾ ਇਹ ਸਭ ਤੋਂ ਵੱਡਾ ਧਾਰਮਿਕ ਤਿਉਹਾਰ ਹੁੰਦਾ ਹੈ, ਜਿਸ ਵਿੱਚ ਆਕਲੈਂਡ ਤੋਂ ਇਲਾਵਾ ਹੈਮਿਲਟਨ, ਵਲਿੰਗਟਨ, ਟੌਰੰਗਾ, ਟੀਪੁੱਕੀ, ਪਾਰਮਰਸਨ ਨੌਰਥ, ਹੇਸਟਿੰਗਜ ਆਦਿ ਸ਼ਹਿਰਾਂ ਤੋਂ ਸੰਗਤ ਹੁੰਮ-ਹੁਮਾ ਪੁੱਜਦੀ ਹੈ। ਸਭ ਧਰਮਾਂ ਨਾਲ ਜੁੜੇ ਹੋਣ ਕਰਕੇ ਹਰ ਸਾਲ ਆਤਿਸ਼ਬਾਜ਼ੀ ਵੇਖਣ ਲਈ ਲੋਕਾਂ 'ਚ ਬਹੁਤ ਉਤਸ਼ਾਹ ਹੁੰਦਾ ਹੈ। ਜਿਸ ਕਰਕੇ ਇਸ ਵਾਰ ਪਹਿਲਾਂ ਨਾਲੋਂ ਵੀ ਵੱਡੇ ਪੱਧਰ 'ਤੇ ਆਤਿਸ਼ਬਾਜ਼ੀ ਦਾ ਪ੍ਰਬੰਧ ਸਪਾਂਸਰਜ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਬੱਚਿਆਂ ਦਾ ਢਾਡੀ ਜਥੇ ਆਵੇਗਾ,ਜੋ ਜੋਸ਼ੀਲੀਆਂ ਵਾਰਾਂ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ 'ਤੇ ਚਾਨਣਾ ਪਾਉਣਗੇ। ਇਸ ਤੋਂ ਇਲਾਵਾ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਵੀ ਕੀਰਤਨ ਕਰਨਗੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਮੇ ਸਿਰ ਪੁੱਜਣ ਦੀ ਕ੍ਰਿਪਲਤਾ ਕਰਨੀ ।

## ਨਿਊਜ਼ੀਲੈਂਡ 'ਚ ਵੱਸਣ ਵਾਲਿਆਂ ਦੀ ਗਿਣਤੀ 'ਚ ਲਗਾਤਾਰ ਆਈ ਗਿਰਾਵਟ

ਆਕਲੈਂਡ- (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਵਿੱਚ ਆ ਕੇ ਵੱਸਣ ਵਾਲਿਆਂ ਦੀ ਗਿਣਤੀ, ਨਿਊਜ਼ੀਲੈਂਡ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਦੇ ਮੁਕਾਬਲੇ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਇਸ ਵਰ੍ਹੇ ਦੇ ਆਂਕੜੇ ਦੱਸਦੇ ਹਨ ਕਿ ਇਹ ਪਿਛਲੇ ਤਿੰਨ ਸਾਲਾਂ ਦੇ ਮੁਕਾਬਲੇ ਸਭ ਤੋਂ ਹੇਠਾਂ ਦੇ ਪੱਧਰ 'ਤੇ ਪੁੱਜ ਚੁੱਕਾ ਹੈ।ਸਟੇਟਸਟੀਕਸ ਨਿਊਜ਼ੀਲੈਂਡ ਅਨੁਸਾਰ ਇਸ ਵਰ੍ਹੇ ਦੀ ਨੈੱਟ ਇਮੀਗ੍ਰੇਸ਼ਨ ਕਾਫੀ ਘੱਟ ਗਈ ਹੈ ਜੋ ਕਿ 2015 ਤੋਂ ਬਾਅਦ ਸਭ ਤੋਂ ਘੱਟ ਨੈੱਟ ਮਾਈਗ੍ਰੇਸ਼ਨ ਮੰਨੀ ਜਾ ਰਹੀ ਹੈ। ਪਿਛਲੀ ਵਰ੍ਹੇ ਸਤੰਬਰ ਤੋਂ ਲੈ ਕੇ ਇਸ ਵਰ੍ਹੇ ਸਤੰਬਰ ਤੱਕ ਨਿਊਜ਼ੀਲੈਂਡ ਵਿੱਚ 129,000 ਨਿਊਜ਼ੀਲੈਂਡ ਵਿੱਚ ਪੁੱਜੇ ਹਨ ਜੋ ਕਿ ਉਸ ਤੋਂ ਪਹਿਲੇ ਆਂਕੜਿਆਂ ਤੋਂ 2600 ਘੱਟ ਹਨ। ਜਦਕਿ ਆਪਣੇ ਮੁਲਕ ਵਾਪਸ ਪਰਤਣ ਵਾਲਿਆਂ ਦੀ ਗਿਣਤੀ 5600 ਵੱਧ ਕੇ 66,200 ਹੋ ਗਈ ਹੈ।

## ਨਿਊਜ਼ੀਲੈਂਡ 'ਚ ਤਲਾਕ ਸਬੰਧੀ ਕਾਨੂੰਨਾਂ ਵਿੱਚ ਜਲਦ ਹੀ ਸਰਕਾਰ ਵਲੋਂ ਬਦਲਾਅ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਦੇ ਤਲਾਕ ਸਬੰਧੀ ਕਾਨੂੰਨਾਂ ਵਿੱਚ ਜਲਦ ਹੀ ਸਰਕਾਰ ਵਲੋਂ ਬਦਲਾਅ ਲਿਆਉਂਦੇ ਜਾ ਸਕਦੇ ਹਨ, ਦਰਅਸਲ 1976 ਤੋਂ ਬਾਅਦ ਨਿਊਜ਼ੀਲੈਂਡ ਦੇ ਤਲਾਕ ਸਬੰਧੀ ਕਾਨੂੰਨਾਂ ਵਿਚ ਕੁਝ ਵੀ ਬਦਲਾਅ ਨਹੀਂ ਹੋਇਆ ਹੈ ਅਤੇ ਹੁਣ ਦੇ ਕਾਨੂੰਨ ਅਨੁਸਾਰ ਪ੍ਰਾਪਰਟੀ ਜਾਂ ਪੈਸੇ ਦਾ ਬਟਵਾਰਾ ਤਲਾਕ ਤੋਂ ਸਾਢੇ ਤਿੰਨ ਸਾਲ ਬਾਅਦ ਹੀ ਅੱਧੋ ਅੱਧ ਸੰਭਵ ਹੋ ਸਕਦਾ ਹੈ।ਪਰ ਓਟਾਗੋ ਯੂਨੀਵਰਸਿਟੀ ਦੇ ਹੋਏ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਨਿਊਜ਼ੀਲੈਂਡ ਵਾਸੀ ਇਸ ਨੂੰ ਬੇਲੋੜਾ ਮੰਨਦੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੀ ਕੋਈ ਵੀ ਸਮਾਂ ਸੀਮਾ ਨਹੀਂ ਹੋਣੀ ਚਾਹੀਦੀ।

# ਲਾਡਾਂ ਨਾਲ ਪਾਲੇ ਪੁੱਤ ਦੀ ਵਿਦੇਸ਼ 'ਚ ਮੌਤ, ਆਖਰੀ ਵਾਰ ਮੂੰਹ ਵੀ ਨਾ ਦੇਖ ਸਕਿਆ ਪਰਿਵਾਰ

ਆਕਲੈਂਡ— ਹਰ ਮਾਂ-ਬਾਪ ਆਪਣੇ ਬੱਚੇ ਦੀ ਸਲਾਮਤੀ ਲਈ ਦੁਆ ਕਰਦਾ ਹੈ ਪਰ ਜਦ ਬਦਕਿਸਮਤੀ ਕਾਰਨ ਉਨ੍ਹਾਂ ਨੂੰ ਹੱਥੀਂ ਜਵਾਨ ਪੁੱਤ ਦੁਨੀਆ ਤੋਂ ਤੋਰਨੇ ਪੈਂਦੇ ਹਨ ਤਾਂ ਇਹ ਉਨ੍ਹਾਂ ਲਈ ਬਹੁਤ ਹੀ ਮੁਸ਼ਕਿਲ ਸਮਾਂ ਹੁੰਦਾ ਹੈ। ਨਿਊਜ਼ੀਲੈਂਡ ਦੇ ਸ਼ਹਿਰ ਕੁਈਨਜ਼ ਟਾਊਨ ਵਿਖੇ 14 ਅਕਤੂਬਰ ਨੂੰ ਸ਼ਾਮ ਸਮੇਂ ਇਕ ਕਾਰ ਅਤੇ ਬੱਸ ਵਿਚਕਾਰ ਜ਼ਬਰਦਸਤ ਟੱਕਰ ਹੋਈ ਸੀ, ਜਿਸ ਕਾਰਨ ਪੰਜਾਬੀ ਨੌਜਵਾਨ ਹਰਪ੍ਰੀਤ ਸਿੰਘ ਉਰਫ ਹਨੀ (25) ਦੀ ਮੌਤ ਹੋ ਗਈ, ਜਿਸ ਦਾ ਬੀਤੇ ਦਿਨ ਸਥਾਨਕ ਸ਼ਮਸ਼ਾਨ ਘਰ 'ਚ ਅੰਤਿਮ ਸੰਸਕਾਰ ਕੀਤਾ ਗਿਆ। ਹਰਪ੍ਰੀਤ ਸਿੰਘ ਨੂੰ ਆਖਰੀ ਵਿਦਾਈ ਦੇਣ ਲਈ ਉਸ ਦੀ ਮਾਤਾ ਅਵਿਨਾਸ਼, ਭੈਣ ਪ੍ਰੀਤੀ ਅਤੇ ਮਾਮਾ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਇਥੇ ਆਏ। ਵੀਰ ਦੇ ਗੁੱਟ 'ਤੇ ਰੱਖੜੀ ਸਜਾਉਣ ਵਾਲੀ ਭੈਣ ਅਤੇ ਲਾਡਾਂ ਨਾਲ ਪਾਲਣ ਵਾਲੀ ਮਾਂ ਦੀਆਂ ਧਾਹਾਂ ਸੁਣ ਉੱਥੇ ਖੜ੍ਹਾ ਹਰ ਵਿਅਕਤੀ ਰੋ ਪਿਆ।ਉਨ੍ਹਾਂ ਦੱਸਿਆ ਕਿ ਹਰਪ੍ਰੀਤ ਦੇ



ਪਿਤਾ ਦੀ ਚਾਰ ਕੁ ਸਾਲ ਪਹਿਲਾਂ ਮੌਤ ਹੋ ਗਈ ਸੀ। ਹਰਪ੍ਰੀਤ ਕੁੱਝ ਸਾਲ ਪਹਿਲਾਂ ਨਿਊਜ਼ੀਲੈਂਡ ਆਇਆ ਸੀ, ਜਿਥੇ ਉਸ ਦੀ ਮਾਸੀ ਅਤੇ ਕੁਝ ਹੋਰ ਰਿਸ਼ਤੇਦਾਰ ਵੀ ਰਹਿੰਦੇ ਹਨ। ਵਿਦਿਆਰਥੀ ਵੀਜ਼ੇ 'ਤੇ ਆਉਣ ਤੋਂ ਬਾਅਦ ਹੁਣ ਵਰਕ ਵੀਜ਼ੇ 'ਤੇ ਕੰਮ ਕਰ ਰਿਹਾ ਹਰਪ੍ਰੀਤ ਸਿੰਘ ਪਰਿਵਾਰ ਦੀ ਆਮਦਨ ਦਾ ਇਕੋ-ਇਕ ਜ਼ਰੀਆ ਸੀ। ਪਰਿਵਾਰ ਨੇ ਦੱਸਿਆ ਕਿ ਹਾਦਸੇ ਵਾਲੇ ਦਿਨ ਹਰਪ੍ਰੀਤ ਕੰਮ 'ਤੇ ਆਪਣੀ ਕਾਰ ਲੈ ਕੇ ਗਿਆ ਪਰ ਕਾਰ 'ਚ ਤੇਲ ਘੱਟ ਹੋਣ ਕਾਰਨ ਫਿਰ ਕੁਝ ਦੂਰੀ ਤੋਂ ਮੁੜ ਕੇ ਘਰ ਵਾਪਸ ਆ ਗਿਆ ਅਤੇ ਆਪਣੇ ਨਾਲ ਰਹਿ ਰਹੇ ਦੋਸਤ ਦੀ ਕਾਰ ਲੈ ਕੇ ਮੁੜ ਕੰਮ 'ਤੇ ਚਲਾ ਗਿਆ ਪਰ ਸ਼ਾਮ ਸਮੇਂ ਇਕ ਬੱਸ ਨਾਲ ਉਸ ਦੀ ਕਾਰ ਟਕਰਾ ਗਈ ਅਤੇ ਹਰਪ੍ਰੀਤ ਦੀ ਥਾਂ 'ਤੇ ਹੀ ਮੌਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਹਰਪ੍ਰੀਤ ਦੀ ਸ਼ਨਾਖਤ ਵੀ ਉਸ ਦੇ ਖੱਬੇ ਹੱਥ ਦੀਆਂ ਉਂਗਲਾਂ ਦੀਆਂ ਲਕੀਰਾਂ ਤੋਂ ਕਰਨੀ ਪਈ ਕਿਉਂਕਿ ਉਸ ਦਾ ਸਾਰਾ ਸਰੀਰ ਬੁਰੀ ਤਰ੍ਹਾਂ ਨਾਲ ਕੁਚਲਿਆ ਗਿਆ। ਪੰਜਾਬ ਤੋਂ ਖਾਸ ਤੌਰ 'ਤੇ ਆਏ ਹਰਪ੍ਰੀਤ ਦੇ ਰਿਸ਼ਤੇਦਾਰ ਇੱਥੋਂ ਤਕ ਕਿ ਉਸ ਦੀ ਮਾਂ ਵੀ ਉਸ ਦਾ ਮੂੰਹ ਆਖਰੀ ਵਾਰ ਨਾ ਦੇਖ ਸਕੀ ਕਿਉਂਕਿ ਸਥਾਨਕ ਪ੍ਰਬੰਧਕਾਂ ਵਲੋਂ ਇਸ ਦੀ ਮਨਾਹੀ ਕੀਤੀ ਗਈ ਸੀ।

# ਆਕਲੈਂਡ ਦੇ ਪ੍ਰਾਇਮਰੀ ਸਕੂਲ ਅਧਿਆਪਕ 12 ਤੋਂ 16 ਨਵੰਬਰ ਤੱਕ ਕਰਨਗੇ ਹੜਤਾਲ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਆਕਲੈਂਡ ਦੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਇਕ ਵਾਰ ਫੇਰ ਹੜਤਾਲ 'ਤੇ ਜਾਣ ਨੂੰ ਤਿਆਰ ਹਨ। ਅਧਿਆਪਕਾਂ ਅਤੇ ਪ੍ਰਿੰਸੀਪਲਾਂ ਵਲੋਂ ਅੱਜ ਵੋਟਿੰਗ ਕਰਕੇ ਹੜਤਾਲ ਤੇ ਜਾਣ ਦਾ ਫੈਸਲਾ ਲਿਆ ਗਿਆ ? ਇਸ ਸਬੰਧੀ ਨਿਊਜ਼ੀਲੈਂਡ ਐਜੂਕੇਸ਼ਨਲ ਇੰਸੀਚਿਊਟ, ਟੀ ਰੀਊ ਰੋਆ ਵਲੋਂ ਨੋਟਿਸ ਜਾਰੀ ਕੀਤਾ ਗਿਆ ਹੈ ? ਹੜਤਾਲ ਤੇ ਜਾਣ ਦਾ ਫੈਸਲਾ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੁਆਰਾ ਮਨਿਸਟਰੀ ਵਲੋਂ ਦਿੱਤੇ ਗਏ ਤਨਖਾਹ ਦੇ ਪ੍ਰਸਤਾਵ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਲਿਆ ਗਿਆ, ਇਸ ਤੋਂ ਪਹਿਲਾਂ ਅਗਸਤ ਵਿੱਚ ਹੜਤਾਲ ਕੀਤੀ ਗਈ ਸੀ ।ਜਿਕਰਯੋਗ ਹੈ ਕਿ ਇਹ ਹੜਤਾਲ 12 ਤੋਂ 16 ਨਵੰਬਰ ਤੱਕ ਜਾਰੀ ਰੱਖੀ ਜਾਵੇਗੀ ਅਤੇ ਇਹ ਆਕਲੈਂਡ ਤੋਂ ਵੈਲਿੰਗਟਨ ਤੱਕ ਅਲੱਗ-ਅਲੱਗ ਦਿਨ ਕੀਤੀ ਜਾਵੇਗੀ ? ਨਿਊਜ਼ੀਲੈਂਡ ਪ੍ਰਿੰਸੀਪਲ ਫੈਡਰੇਸ਼ਨ ਦੇ ਪ੍ਰਧਾਨ ਵੇਟੂ ਕੋਰਮਿਕ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2020 ਤੱਕ ਅਧਿਆਪਕਾਂ ਦੀ ਤਨਖਾਹ $75,949 ਤੋਂ $82,992 ਹੋਣੀ ਚਾਹੀਦੀ ਹੈ ।

ਰੋਜ਼ਾਨਾ ਐਨ. ਜ਼ੈਡ. ਤਸਵੀਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
editornztasveer@gmail.com

## ਨਿਊਜ਼ੀਲੈਂਡ 'ਚ ਨਸ਼ੇ ਦੇ ਵਪਾਰੀ ਨੂੰ ਪੱਕੀ ਰਿਹਾਇਸ਼ ਦੇਣ ਕਾਰਨ ਸੁਰਖੀਆਂ 'ਚ ਆਏ ਨਿਊਜ਼ੀਲੈਂਡ ਇਮੀਗ੍ਰੇਸ਼ਨ ਮੰਤਰੀ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਇਮੀਗ੍ਰੇਸ਼ਨ ਮੰਤਰੀ ਸੀਜ਼ੈੱਕ ਮੂਲ ਦੇ ਇੱਕ ਨਸ਼ਾ ਤਸਕਰ ਕਾਰਲ ਸਰੋਬੈੱਕ ਨੂੰ ਨਿਊਜ਼ੀਲੈਂਡ ਦੀ ਪੱਕੀ ਰਿਹਾਇਸ਼ ਦੇਣ ਦੇ ਮਾਮਲੇ ਵਿੱਚ ਸਵਾਲਾਂ ਦੇ ਘੇਰੇ ਵਿੱਚ ਆ ਗਏ ਹਨ ?ਇਸ ਸਬੰਧਿਤ ਮਾਰਕ ਮਿਸ਼ਲ ਅਤੇ ਇੰਮੀਗ੍ਰੇਸ਼ਨ ਦੇ ਬੁਲਾਰੇ ਮਾਈਕਲ ਵੁੱਡ ਹਾਊਸ ਵਲੋਂ ਕਿਹਾ ਗਿਆ ਹੈ ਕਿ ਜੇਕਰ ਲੈਨ ਲੀਸ ਗੈਲੋਏ ਇਸ ਸਬੰਧਿਤ ਆਪਣਾ ਪੱਖ ਨਹੀਂ ਦੇਣਗੇ



ਤਾਂ ਉਨਾਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿ ਉਨਾਂ ਵਲੋਂ ਇੱਕ ਨਸ਼ਾ ਤਸਕਰ ਨੂੰ ਪੱਕੀ ਰਿਹਾਇਸ਼ ਕਿਉਂ ਦਿੱਤੀ ਗਈ ਹੈ ?ਦੂਜੇ ਪਾਸੇ ਲੈਨ ਲੀਸ ਗੈਲੋਏ ਦਾ ਕਹਿਣਾ ਹੈ ਕਿ ਨਿੱਜਤਾ ਅਤੇ ਕਾਨੂੰਨੀ ਕਾਰਨਾਂ ਕਰਕੇ ਉਹ ਇਸ ਸਬੰਧਿਤ ਕੁਝ ਵੀ ਨਹੀਂ ਬੋਲ ਸਕਦੇ, ਪਰ ਜੋ ਉਨਾਂ ਨੇ ਫੈਸਲਾ ਲਿਆ ਹੈ ਉਹ ਬਿਲਕੁਲ ਸਹੀ ਹੈ।

## ਆਕਲੈਂਡ 'ਚ ਦਰਦਨਾਕ ਹਾਦਸੇ 'ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ-ਭਾਈਚਾਰੇ 'ਚ ਸੋਗ ਦੀ ਲਹਿਰ

ਆਕਲੈਂਡ - (ਐਨ ਜ਼ੈਡ ਤਸਵੀਰ ਬਿਊਰੋ) ਬੀਤੇ ਦਿਨ ਵਾਇਕਾਟੋ ਖੇਤਰ ਵਿੱਚ ਹੋਏ ਇੱਕ ਸੜਕ ਹਾਦਸੇ ਵਿੱਚ ਪੰਜਾਬੀ ਮੂਲ ਦੇ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ ਜਦੋ ਕਿ ਤੀਸਰਾ ਨੋਜਵਾਨ ਹਸਪਤਾਲ ਚ ਜੇਰੇ ਇਲਾਜ ਹੈ। ਜਾਣਕਾਰੀ ਅਨੁਸਾਰ ਬਿਕਰਮ ਸਿੰਘ (21 ਸਾਲ ) , ਅੰਮ੍ਰਿਤ ਸਿੰਘ (21 ਸਾਲ) ਦੀ ਇੱਕ ਸੜਕ ਹਾਦਸੇ 'ਚ ਮੌਤ ਹੋ ਗਈ। ਦੱਸਣਯੋਗ ਹੈ ਕਿ ਦੋਵੇਂ ਮ੍ਰਿਤਕ ਨੌਜਵਾਨ ਵਰਕ ਵੀਜ਼ੇ ਤੇ ਸਨ। ਮੁਕਲ (23 ਸਾਲ) ਜੋ ਨਿਊਜੀਲੈਂਡ ਦਾ ਰੈਂਜੀਡੈਟ ਸੀ। ਉਕਤ ਤਿੰਨੇ ਨੌਜਵਾਨ ਮੁਕਲ ਦੀ ਭੈਣ ਜੋ ਟੋਕਾਰੂਆ ਰਹਿੰਦੇ ਸਨ ਨੂੰ ਮਿਲਣ ਉਪਰੰਤ ਵਾਪਿਸ ਆਕਲੈਂਡ ਆ ਰਹੇ ਸਨ। ਰਾਸਤੇ ਵਿੱਚ ਹੀ ਉਕਤ ਹਾਦਸਾ ਵਾਪਿਸ ਗਿਆ। ਹਾਦਸਾ ਬਹੁਤ ਭਿਆਨਕ ਸੀ , ਜਿੱਥੇ ਇੱਕ ਦੀ ਮੌਕੇ ਤੇ ਹੀ ਮੌਤ ਹੋ ਗਈ। ਜਦੋਂ ਕਿ ਦੂਸਰੇ ਨੌਜਵਾਨ ਨੇ ਹਸਪਤਾਲ ਜਾਕੇ ਦਮ ਤੋੜਿਆ। ਇਸ ਬੁਰੀ ਖਬਰ ਨੂੰ ਲੈ ਕੇ ਆਕਲੈਂਡ ਵਸਦੇ ਭਾਈਚਾਰੇ 'ਚ ਸੋਗ ਦੀ ਲਹਿਰ ਦੌੜ ਗਈ ਹੈ।

